17th Nov. 2,000

# ਵੰਨ-ਸੁਵੰਨ

# ਇਕ ਯਾਦਗਾਰੀ ਸਭਿਆਚਾਰਕ ਮੇਲਾ


ਪਹਿਲੀ ਨਵੰਬਰ, 2000 ਗਦਰੀ ਬਾਬਿਆਂ ਦੇ ਮੇਲੇ 'ਤੇ ਹੋਏ ਦਿਨ ਅਤੇ ਰਾਤ ਦੇ ਯਾਦਗਾਰੀ ਸਭਿਆਚਾਰਕ ਮੇਲੇ 'ਤੇ ਕੇਵਲ ਧਾਲੀਵਾਲ ਵਲੋਂ ਪੇਸ਼ ਕੀਤਾ ਅਤੇ ਸਵਰਾਜਬੀਰ ਵਲੋਂ ਲਿਖਿਆ ਨਾਟਕ 'ਮੇਧਨੀ' ਹਾਸਲ ਨਾਟਕ ਸੀ। ਇਸ ਤੋਂ ਇਲਾਵਾ ਗਾਥਾ ਇਕ ਪਿੰਡ ਦੀ ਉਰਫ ਛੱਟਾ ਚਾਨਣਾਂ ਦਾ ਦੇਈ ਜਾਣਾ, ਸੇਲ, ਹਾਥੀ ਅਭੀ ਮਰਾ ਨਹੀਂ, ਹੁਣ ਮੈਂ ਇਹ ਨਹੀਂ ਹੋਣ ਦਿਆਂਗੀ, ਵੀ ਬੜੇ ਪ੍ਰਭਾਵਸ਼ਾਲੀ ਨਾਟਕ ਸਨ। ਬਰਕਤ ਸਿੱਧੂ ਵਲੋਂ ਪੇਸ਼ ਕੀਤੀ ਡਾ. ਜਗਤਾਰ ਦੀ ਗ਼ਜ਼ਲ 'ਹਰ ਮੋੜ 'ਤੇ ਸਲੀਬਾਂ' ਨੇ ਵੀ ਸਰੋਤਿਆਂ ਨੂੰ ਪੂਰੀ ਤਰ੍ਹਾਂ ਹਲੂਣਿਆ। ਫੁਲਵਾੜੀ ਲੋਹੀਆਂ ਅਤੇ ਅਵਾਮੀ ਕਲਾ ਕੇਂਦਰ ਚੰਡੀਗੜ੍ਹ ਦੇ ਬਾਲ ਕਲਾਕਾਰਾਂ ਵਲੋਂ ਪੇਸ਼ ਕੀਤੇ ਐਕਸ਼ਨ ਗੀਤ ਅਤੇ ਕੋਰੀਓਗਰਾਫੀਆਂ ਨੇ ਵੀ ਦਰਸ਼ਕਾਂ ਦਾ ਧਿਆਨ ਖਿੱਚਿਆ। ਹੋਰ ਜ਼ਿਕਰਯੋਗ ਪ੍ਰਾਪਤੀ ਝੰਡੇ ਦੇ ਲਹਿਰਾਉਣ ਵੇਲੇ ਅਮੋਲਕ ਦਾ ਲਿਖਿਆ ਅਤੇ ਸਮੂਹ ਕਲਾਕਾਰਾਂ ਵਲੋਂ ਪੇਸ਼ ਕੀਤਾ ਮਾਰਚਿੰਗ ਲੈਅ ਵਿਚ ਜੋਸ਼ ਭਰਿਆ ਗੀਤ ਸੀ। ਗੁਜਰਾਤ ਤੋਂ ਆਈ ਚਾਰੂ ਜੋੜੀ ਨੇ ਡਫਲੀ 'ਤੇ ਜੋ ਦੋ ਗੀਤ ਪੇਸ਼ ਕੀਤੇ ਉਹ ਵੀ ਯਾਦਗਾਰੀ ਸਨ। ਕੁੱਲ ਮਿਲਾ ਕੇ ਇਹ ਦਿਨ ਰਾਤ ਦਾ ਮੇਲਾ ਪਹਿਲੇ ਮੇਲਿਆਂ 'ਤੇ ਪੇਸ਼ ਕੀਤੇ ਗੀਤ, ਸੰਗੀਤ ਅਤੇ ਨਾਟਕਾਂ ਤੋਂ ਵੱਧ ਵਿਉਂਤਬੰਦ ਸੀ ਅਤੇ ਗਦਰ ਲਹਿਰ ਦੀ ਰੂਹ ਨੂੰ ਉਜਾਗਰ ਕਰਦਾ ਸੀ। ਉਂਜ ਇਹ ਕਹਿਣ ਵਿਚ ਵੀ ਕੋਈ ਉਜਰ ਨਹੀਂ ਹੋਣੀ ਚਾਹੀਦੀ ਕਿ ਇਸਦੀ ਹੋਰ ਵਿਉਂਤਬੰਦੀ ਦੀ ਗੁੰਜਾਇਸ਼ ਹਾਲੀ ਹੈ। ਖਾਸ ਕਰਕੇ ਅੱਧੀ ਰਾਤ ਤੋਂ ਬਾਅਦ ਜਦੋਂ ਕਿ ਮੁੱਖ ਨਾਟਕ ਹੋ ਚੁੱਕਿਆ ਹੁੰਦਾ ਹੈ, ਦਰਸ਼ਕਾਂ ਨੂੰ ਸਵੇਰ ਤਕ ਕਿਸ ਤਰ੍ਹਾਂ ਬਿਠਾਇਆ ਜਾ ਸਕਦਾ ਹੈ। ਇਹਦੇ ਲਈ ਜਿਉਂ ਜਿਉਂ ਸਮਾਂ ਲੰਘੇ, ਮੰਚ 'ਤੇ ਪੇਸ਼ ਕੀਤੀਆਂ ਜਾਣ ਵਾਲੀਆਂ ਆਈਟਮਾਂ ਵਿਚ ਵੱਧ ਜੋਸ਼ ਅਤੇ ਤੀਖਣਤਾ ਲਿਆਉਣੀ ਜ਼ਰੂਰੀ ਹੈ।

ਨਾਟਕ 'ਮੇਧਨੀ' ਸਪਸ਼ਟ ਤੌਰ 'ਤੇ ਬੀਬੀ ਜਗੀਰ ਕੌਰ ਦੀ ਬੇਟੀ ਦੀ ਸ਼ੱਕੀ ਹਾਲਤਾਂ ਵਿਚ ਹੋਈ ਹੱਤਿਆ ਦੀ ਦੁਰਘਟਨਾ 'ਤੇ ਆਧਾਰਿਤ ਸੀ। ਦਰਸ਼ਕਾਂ ਨੇ ਉਸ ਨਾਟਕ ਨੂੰ ਭਰਪੂਰ ਹੁੰਗਾਰਾ ਦਿੱਤਾ। ਨਾਟਕ 'ਸਫਰ' ਵਿਚ ਕੇਵਲ ਧਾਲੀਵਾਲ ਦੀ ਨਾਟਕ ਡੀਜ਼ਾਈਨਿੰਗ ਦੀ ਕਲਾ ਇਸ ਨਾਟਕ ਵਿਚ ਸਿਖਰਾਂ 'ਤੇ ਸੀ। 9 ਕਲਾਕਾਰਾਂ ਦਾ ਕੋਰਸ ਦੇ ਰੂਪ ਵਿਚ ਨਾਟਕ ਦੇ ਬਿਰਤਾਂਤ ਨੂੰ ਅੱਗੇ ਲਿਜਾਣਾ ਅਤੇ ਨਾਟਕ ਦਾ ਜ਼ਰੂਰੀ ਭਾਗ ਵੀ ਬਣਨਾ ਸਮੁੱਚੇ ਨਾਟਕ ਦੀ ਬਹੁਤ ਹੀ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਸਵਰਾਜਬੀਰ ਦੀ ਸਕਰਿਪਟ ਭਾਵੇਂ ਬਹੁਤੀ ਬਹੁਤ ਥਾਂ ਦਰਸ਼ਕ ਅੱਸ਼ ਅੱਸ਼ ਕਰ ਉੱਠਦਾ ਹੈ। ਧਾਰਮਿਕ ਡੇਰਿਆਂ ਦੇ ਪਖੰਡ ਅਤੇ ਗੰਦੀ ਸਿਆਸਤ ਨੂੰ ਸਵਰਾਜਬੀਰ ਨੇ ਬੇਬਾਕ ਹੋ ਕੇ ਨੰਗਿਆਂ ਕੀਤਾ ਹੈ। ਕਲਾਕਾਰਾਂ ਨੇ ਆਪਣੀ ਕਲਾ ਰਾਹੀਂ ਲੇਖਕ ਦੀ ਭਾਵਨਾ ਨੂੰ ਬੜੀ ਸ਼ਿੱਦਤ ਨਾਲ ਜੀਵਿਆ ਹੈ।

ਗੁਰੂ ਦੀ ਪਵਿੱਤਰ ਬਾਣੀ ਨੂੰ ਸਵਾਰਥੀ ਲੋਕ ਕਿਸ ਤਰ੍ਹਾਂ ਆਪਣੇ ਮਤਲਬ ਲਈ ਵਰਤਦੇ ਹਨ। ਸਵਰਾਜਬੀਰ ਨੇ ਇਸ ਤੱਥ ਨੂੰ ਬੜੀ ਹੀ ਨਿਪੁੰਨਤਾ ਨਾਲ ਦਰਸ਼ਕਾਂ ਅੱਗੇ ਲਿਆਂਦਾ ਹੈ। ਨਾਟਕ ਵਿਚ ਥਾਂ-ਥਾਂ 'ਤੇ ਇਹ ਪ੍ਰਸਥਿਤੀਆਂ ਪੇਸ਼ ਹੁੰਦੀਆਂ ਹਨ ਜਦੋਂ ਗੁਰਬਾਣੀ ਦੇ ਦੂਹਰੇ ਅਰਥ ਕੱਢੇ ਜਾਂਦੇ ਹਨ। ਸੁਰਜੀਤ ਕੌਰ ਨੂੰ ਜਦੋਂ ਡੇਰੇ ਦਾ ਮੁਖੀ ਥਾਪਿਆ ਜਾਂਦਾ ਹੈ ਤਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਆਸਰਾ ਲਿਆ ਜਾਂਦਾ ਹੈ ਜਦੋਂ ਉਨ੍ਹਾਂ ਨੇ ਇਸਤਰੀ ਜਾਤੀ ਦੇ ਸਨਮਾਨ ਵਿਚ ਕਿਹਾ ਸੀ 'ਸੋ ਕਿਉਂ ਮੰਦਾ ਆਖੀਏ, ਜਿਤ ਜੰਮੇ ਰਾਜਾਨ' ਪਰ ਉਹੀ ਇਸਤਰੀ ਜਦੋਂ ਤਾਕਤ ਵਿਚ ਆ ਕੇ ਆਪਣੀ ਧੀ ਲਈ ਚੰਡੀ ਦਾ ਰੂਪ ਧਾਰਦੀ ਹੈ ਤਾਂ ਉਸ ਵੇਲੇ

## ਕਲਾ ਤੇ ਜ਼ਿੰਦਗੀ

**ਗੁਰਸ਼ਰਨ ਸਿੰਘ**



ਔਲਾਦ ਦੇ ਆਗਿਆਕਾਰੀ ਹੋਣ ਦੀ ਗੁਰਬਾਣੀ ਵਿਚੋਂ ਹੀ ਟੂਕ ਬੋਲ ਦਿੱਤੀ ਜਾਂਦੀ ਹੈ। ਮਾਂ, ਧੀ ਦੀ ਜ਼ਿੱਦ ਅੱਗੇ ਬੇਵੱਸ ਹੈ। ਉਸ ਵੇਲੇ ਪਹਿਲੇ ਉਹ ਸਵਾਲ ਕਰਦੀ ਹੈ: 'ਬਲ ਛੁਟ ਕੈ, ਬੰਧਨ ਪੜੈ, ਕਛੂ ਨਾ ਹੋਤ ਉਪਾਏ' ਅਤੇ ਫੇਰ ਹੀ ਜਵਾਬ ਲੈਂਦੀ ਹੈ, 'ਬਲ ਹੂਅ, ਬੰਧਨ ਛੂਟੈ, ਸਭੁ ਕਿਛੁ ਹੋਤ ਉਪਾਏ' ਅਤੇ ਉਪਾਅ ਇਹੀ ਹੈ ਕਿ ਆਪਣੀ ਧੀ ਤੋਂ ਖਹਿੜਾ ਛੁਡਾ। ਉਹੀ ਮਾਂ ਧੀ ਨੂੰ ਠੁੱਡੇ ਮਾਰਨ ਦਾ ਜ਼ੁਲਮ ਵੀ ਕਰ ਸਕਦੀ ਹੈ, ਜਦੋਂ ਕਿ ਉਹਨੂੰ ਪਤਾ ਹੈ ਕਿ ਉਹਦੇ ਗਰਭ ਉਹਦਾ ਬੱਚਾ ਪਲ ਰਿਹਾ ਹੈ। ਧਾਰਮਿਕ ਸ਼ਲੋਕਾਂ ਨੂੰ ਕਥਿਤ ਧਾਰਮਕ ਆਗੂ ਕਿਸ ਤਰ੍ਹਾਂ ਆਪਣੇ ਹਿਤ ਵਿਚ ਵਰਤਦੇ ਹਨ, ਨਾਟਕ ਵਿਚ ਥਾਂ-ਥਾਂ 'ਤੇ ਇਸ ਦੀਆਂ ਮਿਸਾਲਾਂ ਮਿਲਦੀਆਂ ਹਨ।

ਧਾਰਮਕ ਪਖੰਡ ਨੂੰ ਨੰਗਿਆਂ ਕਰਦਿਆਂ ਨਾਟਕੀ ਸਾਹਿਤ ਵਿਚ ਬਹੁਤ ਸਾਰੀਆਂ ਕਿਰਤਾਂ ਮਿਲਦੀਆਂ ਹਨ। ਕਾਲੀਦਾਸ ਦੇ ਨਾਟਕ ਵਿਚ ਵੀ, ਯੋਰਪ ਦੇ ਬਹੁਤ ਸਾਰੇ ਨਾਟਕਾਂ ਵਿਚ ਵੀ, ਲਾਤੀਨੀ ਅਮਰੀਕਾ ਦੇ ਨਾਟਕਾਂ ਵਿਚ ਵੀ, ਸਵਰਾਜਬੀਰ ਦੇ ਆਪਣੇ ਨਾਟਕ ਧਰਮ ਗੁਰੂ ਵਿਚ ਵੀ, ਪਰ ਇਸ ਨਾਟਕ ਵਿਚ ਸਮਕਾਲੀ ਪ੍ਰਾਪਤੀ ਹੈ ਤੇ ਸਮੇਂ ਦੀ ਮੰਗ ਵੀ ਹੈ। ਧਾਰਮਕ ਡੇਰੇ ਹੁਣ ਖਾਹਮਖਾਹ ਪੰਜਾਬੀ ਸਭਿਆਚਾਰ ਦਾ ਹਿੱਸਾ ਬਣ ਰਹੇ ਹਨ। ਇਹ ਡੇਰੇ ਮਾਇਆਧਾਰੀ ਸੰਤਾਂ, ਸਾਧਾਂ ਦੇ ਡੇਰੇ ਹੋ ਨਿੱਬੜੇ ਹਨ। ਗਦਰ ਲਹਿਰ ਨੇ ਵੀ ਇਸ ਪਖੰਡ ਦਾ ਨੋਟਿਸ ਲਿਆ ਸੀ। ਗ਼ਦਰ ਲਹਿਰ ਦੀ ਕਵਿਤਾ ਜਿਥੇ ਆਪਣੇ ਖਾੜਕੂ ਧਾਰਮਕ ਵਿਰਸੇ 'ਤੇ ਫ਼ਖ਼ਰ ਕਰਦੀ ਸੀ ਉਥੇ ਮਾਇਆਧਾਰੀ ਮਹੰਤਾਂ ਦਾ ਵੀ ਨੋਟਿਸ ਲੈਂਦੀ ਸੀ, ਜੋ ਟੋਡੀਆਂ ਦੇ ਗੜ੍ਹ ਬਣਦੇ ਜਾ ਰਹੇ ਸਨ। ਮੇਧਨੀ ਇਕ ਯਾਦਗਾਰੀ ਪੇਸ਼ਕਾਰੀ ਹੈ, ਜੋ ਮੀਲ ਪੱਥਰ ਹੋਣ ਦੀ ਸਹੀ ਸ਼ਬਦਾਂ ਵਿਚ ਦਾਅਵੇਦਾਰ ਕਹੀ ਜਾ ਸਕਦੀ ਹੈ। ਪੰਜਾਬ ਦੇ ਨਾਟਕ ਇਤਿਹਾਸ ਵਿਚ 'ਲੂਣਾ' ਦੀ ਗੱਲ ਜਦੋਂ ਚਲਦੀ ਹੈ ਤਾਂ 1967 ਵਿਚ ਹੋਈ ਇਸ ਦੀ ਪੇਸ਼ਕਾਰੀ ਵਿਚ ਦਿਲਜੀਤ ਕੌਰ ਦਾ ਨਾਂ ਜੁੜਦਾ ਹੈ। ਮੇਧਨੀ ਦੀ ਪੇਸ਼ਕਾਰੀ ਵਿਚ ਅਨੀਤਾ ਦੇਵਗਨ ਆਪਣੀ ਯਾਦ ਬਣਾ ਗਈ ਹੈ। ਸੁਰਜੀਤ ਕੌਰ (ਬੀਬੀ ਜਗੀਰ ਕੌਰ) ਦੀ ਭੂਮਿਕਾ ਵਿਚ ਉਹ ਬੇਮਿਸਾਲ ਹੈ। ਨਾਟਕ ਮੇਲੇ ਵਿਚ ਆਰਟ ਸੈਂਟਰ ਸਮਰਾਲਾ ਵਲੋਂ ਪੇਸ਼ ਕੀਤਾ

ਮਾਸਟਰ ਤਰਲੋਚਨ ਦਾ ਨਾਟਕ 'ਸੇਲ' ਵੀ ਬੜਾ ਪ੍ਰਭਾਵਸ਼ਾਲੀ ਅਤੇ ਅੱਜ ਦੇ ਸਮੇਂ ਦੇ ਅਨੁਸਾਰ ਢੁੱਕਵਾਂ ਸੀ, ਜਦੋਂ ਹਾਕਮਾਂ ਨੇ ਵਿਦੇਸ਼ੀ ਕੰਪਨੀਆਂ ਅੱਗੇ ਦੇਸ਼ ਨੂੰ ਸੇਲ 'ਤੇ ਲਾ ਦਿੱਤਾ ਹੈ। ਤਰਲੋਚਨ ਹੋਰਾਂ ਦੀ ਵਿਸ਼ੇਸ਼ਤਾ ਹੈ ਕਿ ਉਹ ਸਮੱਸਿਆ ਪ੍ਰਧਾਨ ਨਾਟਕ ਨੂੰ ਬਰੀਕ ਨਾਟਕੀ ਛੋਹਾਂ ਨਾਲ ਨਾਟਕੀ ਮੁਹਾਵਰੇ ਵਿਚ ਪੇਸ਼ ਕਰਦੇ ਹਨ। ਉਨ੍ਹਾਂ ਦੀ ਡੀਜ਼ਾਈਨਿੰਗ ਦੀ ਵੀ ਆਪਣੀ ਇਕ ਸ਼ੈਲੀ ਹੈ। ਸੂਝਮਤੀ ਉਹਦੀ ਇਕ ਉਘੜਵੀਂ ਮਿਸਾਲ ਹੈ। ਇਸ ਮੇਲੇ 'ਤੇ ਨਾਟਕ 'ਸੇਲ' ਨੇ ਵੀ ਆਪਣੀ ਪਹਿਚਾਣ ਬਣਾਈ। ਲਖਨਊ ਤੋਂ ਆਈ ਕਲਾਕਾਰਾਂ ਦੀ ਟੀਮ ਵਲੋਂ ਰਾਜਸੀ ਵਿਅੰਗ ਦੀ ਸ਼ੈਲੀ ਵਿਚ ਪੇਸ਼ ਕੀਤਾ ਨਾਟਕ 'ਹਾਥੀ ਅਭੀ ਮਰਾ ਨਹੀਂ' ਇਕ ਜ਼ਿਕਰਯੋਗ ਪੇਸ਼ਕਾਰੀ ਕਹੀ ਜਾ ਸਕਦੀ ਹੈ। ਭਾਰਤੀ ਵਿਧਾਨ ਨੂੰ ਇਕ ਵੱਡੇ ਹਾਥੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਹ ਹਾਥੀ ਪੂਰੀ ਤਰ੍ਹਾਂ ਬਿਮਾਰ ਹੈ ਪਰ ਹਾਲੇ ਮਰਿਆ ਨਹੀਂ, ਕਿਉਂਕਿ ਹਾਕਮ ਇਸ ਨੂੰ ਜ਼ਿੰਦਾ ਰੱਖਣਾ ਚਾਹੁੰਦੇ ਹਨ, ਇਸ ਲਈ ਉਸ ਨੇ ਵਖ਼ਤ ਪਾਇਆ ਹੋਇਆ ਹੈ। ਰਾਜਸੀ ਵਿਅੰਗ ਦੀ ਇਹ ਇਕ ਵਧੀਆ ਨਾਟਕ ਦੀ ਮਿਸਾਲ ਹੈ।

ਕੀਤਾ ਗਿਆ। ਇਹ ਇਕ ਮਹੱਤਵਪੂਰਣ ਪੇਸ਼ਕਾਰੀ ਸੀ। ਇਹ ਇਕ ਪਿੰਡ ਦੀ ਕਹਾਣੀ ਹੈ, ਜਿੱਥੇ ਨੌਜਵਾਨ ਇਰਾਦਾ ਬਣਾ ਕੇ ਪਿੰਡ ਦੀ ਨੁਹਾਰ ਬਦਲਣ ਦਾ ਉਪਰਾਲਾ ਕਰਦੇ ਹਨ। ਪਿੰਡ ਦੇ ਆਪ ਹੀ ਮਿੱਥੇ ਹੋਏ ਚੌਧਰੀ ਉਨ੍ਹਾਂ ਦੇ ਇਸ ਯਤਨ ਤੋਂ ਔਖੇ ਹਨ ਅਤੇ ਸਾਜ਼ਿਸ਼ ਰਚ ਕੇ ਨੌਜਵਾਨਾਂ ਦੇ ਰਾਹ ਦਾ ਰੋੜਾ ਬਣਦੇ ਹਨ। ਪਿੰਡ ਦੇ ਨੌਜਵਾਨ ਮੁੰਡੇ-ਕੁੜੀਆਂ ਸੁਹਿਰਦ ਬਜ਼ੁਰਗਾਂ ਦੀ ਸਹਾਇਤਾ ਨਾਲ ਆਪਣੇ ਮਿਸ਼ਨ ਵਿਚ ਕਾਮਯਾਬੀ ਹਾਸਲ ਕਰਦੇ ਹਨ। ਇਸ ਨਾਟਕ ਵਿਚ ਜੁਗਿੰਦਰ ਬਾਹਰਲਾ ਦੀ ਅਮਰ ਰਚਨਾ 'ਹਾੜ੍ਹੀਆਂ-ਸੌਣੀਆਂ' ਨੂੰ ਵੀ ਮੌਲਿਕ ਰੂਪ ਵਿਚ ਸ਼ਾਮਲ ਕੀਤਾ ਗਿਆ। ਮੇਲੇ ਦੀ ਇਹ ਆਖਰੀ ਪੇਸ਼ਕਾਰੀ ਵਾਕਈ 'ਚਾਨਣ ਦੇ ਛੱਟੇ' ਦੀ ਭੂਮਿਕਾ ਨਿਭਾਉਂਦੀ ਸੀ।

ਗੁਜਰਾਤ ਤੋਂ ਆਈ ਚਾਰੂ ਜੋੜੀ ਨੇ ਡਫਲੀ ਦੀ ਤਾਲ 'ਤੇ ਜੋ ਦੋ ਹਿੰਦੀ ਗੀਤ ਪੇਸ਼ ਕੀਤੇ, ਉਹ ਆਪਣੇ ਆਪ ਵਿਚ ਦਰਸ਼ਕਾਂ ਲਈ ਨਵਾਂ ਤਜਰਬਾ ਸਨ। ਬੜੀ ਸਾਦਗੀ ਨਾਲ ਵਧੀਆ ਕਾਵਿਕ ਰਚਨਾਵਾਂ, ਜਿਨ੍ਹਾਂ ਦਾ ਇਕ ਇਕ ਸ਼ਬਦ ਸਾਫ ਅਤੇ ਸਪਸ਼ਟ ਸੀ, ਸ਼ਕਤੀਸ਼ਾਲੀ ਇਨਕਲਾਬੀ ਸੁਨੇਹਾ ਹੋ ਨਿਬੜੀਆਂ। ਉਨ੍ਹਾਂ ਦੀ ਇਸ ਮੇਲੇ 'ਤੇ ਹਾਜ਼ਰੀ ਮੇਲੇ ਲਈ ਮੁਬਾਰਕ ਸੀ।

ਫੁਲਵਾੜੀ ਬਾਲ ਕਲਾਕਾਰਾਂ ਦਾ ਗਰੁੱਪ ਜੋ ਲੋਹੀਆਂ ਤੋਂ ਆਇਆ ਸੀ, ਉਹਨੇ ਜਗੀਰ ਜੋਸਨ ਦੀ ਅਗਵਾਈ ਵਿਚ ਬਹੁਤ ਵਧੀਆ, ਕੋਰੀਓਗਰਾਫੀਆਂ ਪੇਸ਼ ਕੀਤੀਆਂ। 'ਪਗੜੀ ਸੰਭਾਲ ਜੱਟਾ' ਕਿਸਾਨ ਦੇ ਦੁੱਖ ਅਤੇ ਸੋਸ਼ਣ ਨੂੰ ਪੂਰੀ ਤਰ੍ਹਾਂ ਪੇਸ਼ ਕਰਦੀ ਸੀ। ਵੱਡੀ ਸਟੇਜ ਤੋਂ ਹੱਟਵਾਂ ਜਿਹੜਾ 5-7 ਵਜੇ ਪਾਰਕ ਦੀ ਸਟੇਜ 'ਤੇ ਪ੍ਰੋਗਰਾਮ ਪੇਸ਼ ਕੀਤਾ ਗਿਆ ਉਹਨੇ ਵਕਫੇ ਨੂੰ ਪੂਰੀ ਤਰ੍ਹਾਂ ਭਰਿਆ। ਅਵਾਮੀ ਕਲਾ ਕੇਂਦਰ ਚੰਡੀਗੜ੍ਹ ਦੇ ਨੌਜਵਾਨ ਵਿਦਿਆਰਥੀਆਂ ਨੇ ਇਨਕਲਾਬੀ ਐਕਸ਼ਨ ਗੀਤ ਪੇਸ਼ ਕੀਤੇ। ਨਾਟਕ 'ਮੈਂ ਹੁਣ ਇਹ ਨਹੀਂ ਹੋਣ ਦਿਆਂਗੀ' ਅਤੇ 'ਹਵਾਈ ਗੋਲੇ' ਬੜੀ ਹੀ ਸਫਲਤਾ ਨਾਲ ਖੇਡੇ ਗਏ। 'ਮੈਂ ਇਹ ਨਹੀਂ ਹੋਣ ਦਿਆਂਗੀ' ਜਸਵੰਤ ਸਿੰਘ ਵਿਰਦੀ ਦੀ ਕਹਾਣੀ 'ਹਨੇਰੇ ਵੱਲ ਜਾਂਦਾ ਰਾਹ' 'ਤੇ ਆਧਾਰਤ ਹੈ। ਇਹ ਇਕ ਮਾਂ ਦੀ ਕਹਾਣੀ ਹੈ ਜੋ ਆਪਣੇ ਇਰਾਦੇ ਨਾਲ ਆਪਣੇ ਪੁੱਤਰ ਨੂੰ ਗਲਤ ਰਾਹ 'ਤੇ ਜਾਣ ਤੋਂ ਬਚਾਉਂਦੀ ਹੈ। ਗ਼ਦਰੀ ਬਾਬਿਆਂ ਦਾ ਇਹ ਸਭਿਆਚਾਰਕ ਮੇਲਾ ਲੋਕ ਪੱਖੀ ਕਲਾ ਦਾ ਇਕ ਅਹਿਮ ਮੇਲਾ ਬਣ ਗਿਆ ਹੈ। ਦੇਸ-ਪ੍ਰਦੇਸ ਤੋਂ ਇਸ ਮੇਲੇ 'ਤੇ ਆਏ ਲੋਕਾਂ ਦੀ ਸ਼ਮੂਲੀਅਤ ਇਸ ਨੂੰ ਇਕ ਚਾਨਣ ਮੁਨਾਰੇ ਦੀ ਭੂਮਿਕਾ ਨਿਭਾਉਣ ਦੇ ਯੋਗ ਬਣਾਉਂਦੀ ਹੈ। ਅੱਜ ਦੇ ਸਮੇਂ ਵਿਚ ਇਸ ਨੇ